੧੯੧

ਹੁਕਮ ਰਜਾਈ ਕੀ ਹੈ?

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਪ੍ਰਚੱਲਤ ਕਰਮਕਾਂਡਾਂ ਨੂੰ ਗੁਰਮਤਿ ਖੰਡਨ ਕਰਦੀ ਹੈ।

- ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ (੧)

<u>ਪਹਿਲਾ ਕਰਮਕਾਂਡ</u>:-

ਸਰੀਰਕ ਇਸ਼ਨਾਨ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ ਭਾਵੇਂ ਲੱਖਾਂ ਇਸ਼ਨਾਨ ਕਰੀ ਜਾਈਏ।

- ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥ (੫੫੮)

- ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥ (੨੬੫)

- ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ॥ (੫੯੮)

- ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥ (੬੩੭)

- ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥ (੪੮੪)

- ਤੀਰਥਿ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥ (੯੦੬)

- ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥ (੩੯)

- ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥ (੧੦੧੩)

- ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥ (੩੪)

- ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ (੬੮੭)

– ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥ (੨੧੬)

ਦੂਜਾ ਕਰਮਕਾਂਡ

ਮਨ ਦੀ ਪਵਿੱਤਰਤਾ ਲਈ ਮੋਨ ਧਾਰਨਾ ਵੀ ਗੁਰਮਤਿ ਖੰਡਨ ਅਤੇ ਬਿਵਰਜਤ ਕਰਦੀ ਹੈ।

– ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥ (੧)

– ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥ (੪੬੭)

– ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ (੬੪੧)

ਤੀਜਾ ਕਰਮਕਾਂਡ

ਵਾਮ ਮਾਰਗੀ ਸਾਧਨ ਦਾ ਵੀ ਗੁਰਮਤਿ ਖੰਡਨ ਕਰਦੀ ਹੈ। ਵਾਮ ਮਾਰਗ ਸਾਧਨ ਇਹ ਹੈ ਕਿ ਮਨ ਨੂੰ ਇੰਨਾਂ ਰੱਜਾ ਦਵੋ ਕਿ ਇਹ ਸੈਚੂਰੇਟਿਡ ਪੁਆਇੰਟ ਤੇ ਪਹੁੰਚ ਜਾਵੇ। ਜੋ ਮੰਗੇ ਦੇਈ ਜਾਵੋ, ਇੰਨਾ ਦੇਵੋ ਇਹ ਹੋਰ ਨਾ ਮੰਗੇ ਸਗੋਂ ਉਸ ਵੱਲੋਂ ਰੁਚੀ ਮੋੜ ਲਵੇ। ਦ੍ਰਿਸ਼ਟਾਂਤ ਵਜੋਂ ਜਿਵੇਂ ਇੱਕ ਕਿਲੋ ਪਾਣੀ ਵਿੱਚ ਖੰਡ ਪਾਈ ਚਲੋ, ਜਦ ਤੱਕ ਪਾਣੀ ਵਿੱਚ ਖੰਡ ਘੁਲਦੀ ਰਹਿੰਦੀ ਹੈ, ਪਾਣੀ ਖੰਡ ਨੂੰ ਗ੍ਰਹਿਣ ਕਰਦਾ ਰਹਿੰਦਾ ਹੈ। ਪਰ ਜਦੋਂ ਪਾਣੀ ਰੱਜ ਜਾਵੇ ਭਾਵ ਸੈਚੂਰੇਟਿਡ ਪੁਆਇੰਟ ਉੱਪਰ ਪਹੁੰਚ ਜਾਵੇ ਤਾਂ ਖੰਡ ਨਹੀਂ ਘੁਲਦੀ ਭਾਵੇਂ ਕਿਤਨਾ ਵੀ ਯਤਨ ਕਰੋ। ਇਵੇਂ ਹੀ ਵਾਮ ਮਾਰਗੀ ਮੱਤ ਕਹਿੰਦਾ ਹੈ ਕਿ ਜਦ ਮਨ ਵਿਸ਼ੇ ਵਿਕਾਰਾਂ, ਖਾਣ ਪੀਣ ਹੰਢਾਉਣ ਤੋਂ ਪੂਰਾ ਸੰਤੁਸ਼ਟ ਹੋ ਜਾਊ ਆਪੇ ਹੀ ਮੁੱਖ ਮੋੜ ਲਵੇਗਾ ਪਰ ਗੁਰਮਤਿ ਫੁਰਮਾਉਂਦੀ ਹੈ:

– ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ (੧)

– ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ (੨੭੮)

ਚੌਥਾ ਕਰਮਕਾਂਡ

ਵਿੱਦਿਆ ਪੜ੍ਹ ਕੇ ਪੰਡਿਤ ਬਣਨਾ ਤੇ ਫਿਰ ਵਿੱਦਿਆ ਦਾ ਅਭਿਮਾਨੀ ਹੋਣਾ ਗੁਰਮਤਿ ਇਸ ਦਾ ਖੰਡਨ ਕਰਦੀ ਹੈ। ਸਿਆਣਪ ਪੜ੍ਹਨ ਨਾਲ ਹੀ ਆਉਂਦੀ ਹੈ। ਵਿੱਦਿਆ ਨਾਲ ਬੁੱਧੀ ਤੇਜ਼ ਹੋ ਜਾਂਦੀ ਹੈ ਪਰ ਲੱਖਾਂ ਸਿਆਣਪਾਂ ਭਾਵੇਂ ਆ ਜਾਣ ਇੱਕ ਭੀ ਨਾਲ ਨਹੀਂ ਚਲਦੀ।

– ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ (੧)

ਮਨੁੱਖ ਕੇਵਲ ਧਰਮ ਗ੍ਰੰਥ ਪੜ੍ਹੇ ਪਰ ਅਮਲ ਨਾ ਕਰੇ ਕਦੇ ਸਚਿਆਰਾ ਨਹੀਂ ਹੋ ਸਕਦਾ। ਗੁਰਮਤਿ ਦਰਸਾਉਂਦੀ ਹੈ ਕਿ ਧਾਰਮਿਕ ਗ੍ਰੰਥਾਂ ਦਾ ਪੜਾਕੂ ਐਨੇ ਗ੍ਰੰਥ ਪੜ੍ਹ ਲਵੇ ਕਿ ਉਸਦੇ ਪੜ੍ਹੇ ਹੋਏ ਗ੍ਰੰਥਾਂ ਨਾਲ ਗੱਡੇ ਲੱਦੇ ਜਾਣ, ਸਾਰੀ ਉਮਰ ਪੜ੍ਹਦਾ ਰਹੇ, ਸਾਰੇ ਸਵਾਸ ਮੁੱਕਣ ਤੱਕ ਪੜ੍ਹਦਾ ਰਹੇ, ਹੇ ਨਾਨਕ! ਲੇਖੇ ਵਿੱਚ ਤਾਂ ਇੱਕੋ ਗੱਲ ਪੈਣੀ ਹੈ, ਹੋਰ ਕੰਮ ਹਉਮੈ ਵਿੱਚ ਝੱਖਾਂ ਮਾਰਨ ਵਾਲੇ ਹਨ। ਉਹ ਕਿਹੜੀ ਗੱਲ ਹੈ:

– ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ (੨)

ਕੇਵਲ ਪੜ੍ਹਨ ਨਾਲ ਹੀ ਸਚਿਆਰਾ ਨਹੀਂ ਬਣਿਆ ਜਾ ਸਕਦਾ। ਫਿਰ ਸੁਆਲ ਉੱਠਦਾ ਹੈ ਕਿ ਕਿਵੇਂ ਸਚਿਆਰਾ ਬਣਨਾ ਹੈ:

– ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (੧)

ਤਾਂ ਉੱਤਰ ਵਿੱਚ ਸਤਿਗੁਰਾਂ ਦਾ ਫੁਰਮਾਨ ਹੈ:

- ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (੧)

ਹੁਕਮੀ ਦੇ ਹੁਕਮ ਵਿੱਚ ਚਲਣ ਨਾਲ ਜੋ ਨਾਲ ਲਿਖਿਆ ਹੈ, ਸਚਿਆਰਾ ਹੋਈਦਾ ਹੈ। ਕੂੜ ਦੀ ਕੰਧ ਕੀ ਹੈ?

- ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
  ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥
  ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥
  ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥
  ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥ (੪੬੮)

ਇਹ ਹੈ ਕੂੜ ਦੀ ਕੰਧ ਜੋ ਜੀਵ ਆਤਮਾ ਦਾ ਪ੍ਰਮਾਤਮਾ ਵਿੱਚ ਪ੍ਰਵੇਸ਼ ਨਹੀਂ ਹੋਣ ਦਿੰਦੀ। ਇਹ ਤਦ ਟੁੱਟਦੀ ਹੈ ਜਦ ਜੀਵ ਆਤਮਾ ਪ੍ਰਭੂ ਦੇ ਹੁਕਮ ਵਿੱਚ ਚੱਲੇ। ਹੁਣ ਪ੍ਰਸ਼ਨ ਉੱਠਦਾ ਹੈ ਕਿ ਪ੍ਰਭੂ ਦਾ ਹੁਕਮ ਕੀ ਹੈ? ਉਸ ਹੁਕਮ ਦੀ ਸੋਝੀ ਕਿੱਥੋਂ ਮਿਲੇ? ਨਿਰੰਕਾਰ ਨੇ ਆਪਣੇ ਆਪ ਨੂੰ ਸਤਿਗੁਰੂ ਵਿੱਚ ਰੱਖ ਕੇ ਉਸ ਸਤਿਗੁਰੂ ਰਾਹੀਂ ਹੁਕਮ ਨੂੰ ਪ੍ਰਗਟ ਕੀਤਾ ਹੈ ਭਾਵ ਸਤਿਗੁਰੂ ਰਾਹੀਂ ਉਸ ਸੱਚੇ ਸਿਰਜਨਹਾਰ ਦਾ ਹੁਕਮ ਬੁੱਝਿਆ ਹੈ।

- ਗੁਰ ਮਹਿ ਆਪੁ ਰਖਿਆ ਕਰਤਾਰੇ॥ (੧੦੨੪)

- ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ (੧੨੭੯)

- ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ॥ (੩੦੨)

- ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥ (੪੦੦)

- ਗੁਰ ਕੈ ਸਬਦਿ ਹੁਕਮੁ ਪਛਾਣੁ॥ (੨੨੩)

- ਸਾਚੇ ਗੁਰ ਤੇ ਹੁਕਮੁ ਪਛਾਨੁ॥ (੪੧੪)

- ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥ (੪੦੦)

- ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
  ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥ ਤਾ ਦਰਗਹ ਪੈਧਾ ਜਾਇਸੀ॥ (੪੭੧)

- ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥ (੪੨੧)

- ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ॥ (੬੩੬)

- ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ॥ (੫੬੯)

ਹਰੀ ਦਾ ਹੁਕਮ ਕੀ ਹੈ? ਇਸ ਦਾ ਉੱਤਰ ਗੁਰੂ ਨਾਨਕ ਸਾਹਿਬ ਜੀ ਇੰਜ ਫੁਰਮਾਉਂਦੇ ਹਨ:

- ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥ (੧੦੦)

- ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥ (੧੯੯)

ਇਹ ਫੁਰਮਾਨ ''ਨਾਨਕ ਲਿਖਿਆ ਨਾਲਿ'' ਪ੍ਰਥਾਏ ਹੈ। ਹਰ ਇੱਕ ਪ੍ਰਾਣੀ ਦੇ ਅੰਤਰ ਆਤਮੇ ਇਹ ਗੱਲ ਲਿਖੀ ਹੁੰਦੀ ਹੈ ਪਰ ਇਹ ਧੁਰੋਂ ਲਿਖੀ ਹੋਈ ਲਿਖਤ ਦੀ ਸੋਝੀ ਗੁਰੂ ਕਰਵਾਉਂਦਾ ਹੈ:

– ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ॥ (੯੫੧)

ਕੂੜ ਦੀ ਮੈਲ ਨਾਮ ਦੁਆਰਾ ਉਤਰਦੀ ਹੈ ਅਤੇ ਨਾਮ ਜਪ ਕੇ ਸਚਿਆਰਾ ਹੋਈਦਾ ਹੈ, ਤਾਂ ਸਿਧ ਹੋਇਆ ਕਿ ਸਚਿਆਰਾ ਹੋਣ ਲਈ ਹੁਕਮੀ ਦੇ ਹੁਕਮ ਵਿੱਚ ਤੁਰਿਆ ਜਾਵੇ। ਹੁਕਮੀ ਦਾ ਹੁਕਮ ਸਤਿਗੁਰੂ ਦੁਆਰਾ ਹੀ ਬੁੱਝਿਆ ਜਾਂਦਾ ਹੈ। ਸਤਿਗੁਰੂ ਵਿੱਚ ਆਪ ਕਰਤਾਰ ਬੋਲਦਾ ਹੈ। ਸਤਿਗੁਰੂ ਇਹ ਗੱਲ ਦ੍ਰਿੜ੍ਹ ਕਰਾਉਂਦਾ ਹੈ ਕਿ ਕੂੜ ਦੀ ਮੈਲ ਨਾਮ ਦੁਆਰਾ ਹੀ ਉਤਰਦੀ ਹੈ ਤੇ ਨਾਮ ਜਪ ਕੇ ਹੀ ਸਚਿਆਰਾ ਹੋਈਦਾ ਹੈ। ਸੋ ਜੋ ਬਾਣੀ ਸਤਿਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਉਹੀ ਰੱਬੀ ਬਾਣੀ ਹੈ, ਧੁਰੋਂ ਆਈ ਹੋਈ ਹੈ। ਜੋ ਵੀ ਇਸ ਰੱਬੀ ਬਾਣੀ ਨੂੰ ਜੀਵਨ ਵਿੱਚ ਘਟਾਏਗਾ, ਉਸਦੀ ਜੀਵ ਆਤਮਾ ਪ੍ਰਮਾਤਮਾ ਵਿਚ ਪ੍ਰਵੇਸ਼ ਕਰ ਜਾਵੇਗੀ।